# ਸੂਬਾਈ ਇਲੈਕਸ਼ਨ 2024

BC NURSES' UNION
*Standing up for health care*



**ਬੀ ਸੀ ਨਰਸਾਂ ਦਾ ਕਹਿਣਾ ਹੈ...**

## Vote ਵੋਟ

**ਇਕ ਤਰ੍ਹਾਂ ਤੁਹਾਡੀ ਸਿਹਤ ਇਸ ’ਤੇ ਨਿਰਭਰ ਕਰਦੀ ਹੈ।**

ਇੱਥੇ ਜ਼ਿਆਦਾ ਜਾਣੋ
**BCNU.org/BCNursesVote**

## ਇਸ ਇਲੈਕਸ਼ਨ ਵਿਚ, ਇਸ ਤਰ੍ਹਾਂ **ਵੋਟ** ਪਾਉ ਜਿਵੇਂ ਤੁਹਾਡੀ ਸਿਹਤ ਇਸ ’ਤੇ ਨਿਰਭਰ ਕਰਦੀ ਹੈ।

**ਬੀ ਸੀ ਨਰਸਿਜ਼ ਅਗਲੀ ਸੂਬਾਈ ਸਰਕਾਰ ਤੋਂ ਇਹ ਮੰਗ ਕਰ ਰਹੇ ਹਨ:**

- ਨਰਸ-ਤੋਂ-ਮਰੀਜ਼ ਦਾ ਘੱਟੋ-ਘੱਟ ਅਨੁਪਾਤ ਲਾਗੂ ਕਰੋ
- ਨਰਸਾਂ ਨੂੰ ਕੰਮ ’ਤੇ ਰੱਖੀ ਰੱਖਣ ਅਤੇ ਭਰਤੀ ਕਰਨ ਦੀਆਂ ਅਸਰਦਾਰ ਜੁਗਤਾਂ ਵਿਚ ਨਿਵੇਸ਼ ਕਰੋ
- ਪ੍ਰਾਈਵੇਟ ਏਜੰਸੀ ਨਰਸਿੰਗ ’ਤੇ ਸਰਕਾਰੀ ਖਰਚੇ ਨੂੰ ਕੰਟਰੋਲ ਕਰੋ
- ਨਰਸਾਂ ਅਤੇ ਹੋਰ ਸਾਰੇ ਹੈਲਥ-ਕੇਅਰ ਵਰਕਰਾਂ ਲਈ ਕੰਮ ਦੀਆਂ ਸੁਰੱਖਿਅਤ ਅਤੇ ਸਿਹਤਮੰਦ ਥਾਂਵਾਂ ਪ੍ਰਦਾਨ ਕਰੋ
- ਲੌਂਗ-ਟਰਮ ਕੇਅਰ ਹੋਮਜ਼ ਲਈ ਢੁਕਵਾਂ ਸਟਾਫ ਰੱਖੋ
- ਕਮਿਊਨਿਟੀ ਵਿਚਲੀ ਸੰਭਾਲ ਵਿਚ ਵਾਧਾ ਕਰੋ
- ਜਾਨਲੇਵਾ ਜ਼ਹਿਰੀਲੇ ਨਸ਼ਿਆਂ ਦੇ ਸੰਕਟ ਦਾ ਹੱਲ ਕਰੋ
- ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੇ ਇਲਾਜ ਲਈ ਲੰਬੇ ਸਮੇਂ ਦੀਆਂ ਇਨਵੈਸਟਮੈਂਟਾਂ ਕਰੋ
- ਸਿਹਤ ਦੇ ਸਮਾਜਿਕ ਕਾਰਨਾਂ ’ਤੇ ਐਕਸ਼ਨ ਲਉ

USW moveUP

## ਇਲੈਕਸ਼ਨ ਦਾ ਦਿਨ ਛਨਿਚਰਵਾਰ, 19 ਅਕਤੂਬਰ ਹੈ

ਵੋਟ ਪਾਉਣ ਦਾ ਸਮਾਂ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਹੈ।

ਤੁਸੀਂ 10-13 ਅਕਤੂਬਰ ਅਤੇ 15-16 ਅਕਤੂਬਰ ਦੇ ਵਿਚਕਾਰ ਐਡਵਾਂਸ ਪੋਲਜ਼ ਵਿਚ ਵੋਟ ਪਾ ਸਕਦੇ ਹੋ।

ਵੋਟ ਪਾਉਣ ਲਈ ਤੁਹਾਨੂੰ ਸਰਕਾਰ ਵਲੋਂ ਜਾਰੀ ਕੀਤੀ ਇਕ ਫੋਟੋ ਆਈ ਡੀ ਦੀ ਲੋੜ ਹੋਵੇਗੀ, ਅਤੇ, ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਨਹੀਂ ਹੋ ਤਾਂ ਬੀ ਸੀ ਹਾਈਡਰੋ ਦੇ ਬਿੱਲ ਜਾਂ ਕਰੈਡਿਟ ਕਾਰਡ ਦੀ ਸਟੇਟਮੈਂਟ ਵਰਗੀ ਕਿਸੇ ਚਿੱਠੀ ਦੀ ਲੋੜ ਪਵੇਗੀ।

ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
**ਇਲੈਕਸ਼ਨਜ਼ ਬੀ ਸੀ**
1-800-661-8683
electionsbc@elections.bc.ca

2024
PROVINCIAL
ELECTION
BC Nurses Vote

*ਬੀ ਸੀ ਨਰਸਾਂ ਦੀ ਯੂਨੀਅਨ ਵਲੋਂ ਅਧਿਕਾਰਤ, ਇਲੈਕਸ਼ਨ ਐਕਟ ਅਧੀਨ ਰਜਿਸਟਰਡ ਸਪੌਂਸਰ, 604-433-2268*

Vote ਵੋਟ

ਇਕ ਤਰ੍ਹਾਂ ਤੁਹਾਡੀ ਸਿਹਤ ਇਸ ’ਤੇ ਨਿਰਭਰ ਕਰਦੀ ਹੈ।

## ਨਰਸਿਜ਼ ਜਾਣਦੇ ਹਨ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕ ਸਾਡੇ ਸੂਬੇ ਦੇ ਹੈਲਥ-ਕੇਅਰ ਸਿਸਟਮ ਨੂੰ ਮਹੱਤਵ ਦਿੰਦੇ ਹਨ। ਪਰ ਲਗਾਤਾਰ ਸਟਾਫ਼ ਦੀ ਕਮੀ ਨੇ ਇਸ ’ਤੇ ਬਹੁਤ ਜ਼ਿਆਦਾ ਬੋਝ ਪਾ ਦਿੱਤਾ ਹੈ। ਇਸ ਇਲੈਕਸ਼ਨ ਵਿਚ, ਉਸ ਉਮੀਦਵਾਰ ਨੂੰ ਵੋਟ ਪਾਉ ਜੋ ਹੈਲਥ ਕੇਅਰ (ਸਿਹਤ ਸੰਭਾਲ) ਨੂੰ ਤਰਜੀਹ ਦੇਣ ਲਈ ਵਚਨਬੱਧ ਹੈ।

### ਇਸ ਦਾ ਮਤਲਬ ਹੈ...

ਕੇਅਰ (ਸੰਭਾਲ) ਦੇ ਸਾਰੇ ਮਾਹੌਲਾਂ ਵਿਚ ਇਹ ਯਕੀਨੀ ਬਣਾਉਣ ਵਿਚ ਮਦਦ ਕਰਨ ਲਈ **ਨਰਸ-ਤੋਂ-ਮਰੀਜ਼ ਦਾ ਘੱਟੋ-ਘੱਟ ਅਨੁਪਾਤ ਲਾਗੂ ਕਰਨਾ** ਕਿ ਮਰੀਜ਼ਾਂ ਨੂੰ ਉੱਚ ਪੱਧਰ ਦੀ, ਜ਼ਿੰਦਗੀ ਬਚਾਉਣ ਵਾਲੀ ਸੰਭਾਲ ਮਿਲੇ ਜਿਸ ਦੇ ਉਹ ਹੱਕਦਾਰ ਹਨ, ਨਰਸ ਸਟਾਫ ਦੀ ਕਮੀ ਦਾ ਹੱਲ ਕਰੋ ਅਤੇ ਨਰਸਾਂ ਦੀ ਥੱਕਣ ਟੁੱਟਣ ਤੋਂ ਰੱਖਿਆ ਕਰੋ।

**ਨਰਸਾਂ ਨੂੰ ਕੰਮ ’ਤੇ ਰੱਖੀ ਰੱਖਣ ਅਤੇ ਭਰਤੀ ਕਰਨ ਦੀਆਂ ਅਸਰਦਾਰ ਜੁਗਤਾਂ ਵਿਚ ਨਿਵੇਸ਼ ਕਰਨਾ** ਤਾਂ ਜੋ ਸਿਸਟਮ ਵਿਚ ਇਸ ਵੇਲੇ ਕੰਮ ਕਰਦੀਆਂ/ਕਰਦੇ ਬਹੁਤ ਹੀ ਹੁਨਰਮੰਦ ਨਰਸਾਂ ਨੂੰ ਕੰਮ ’ਤੇ ਰੱਖੀ ਰੱਖਣ ਅਤੇ ਪੇਸ਼ੇ ਵਿਚ ਹੋਰ ਵੀ ਭਰਤੀ ਕਰਨ ਵਿਚ ਸਾਡੀ ਮਦਦ ਲਈ ਕੰਮ ਕਰਨ ਦੀ ਹਾਲਤਾਂ ਵਿਚ ਸੁਧਾਰ ਹੋਵੇ। ਲਗਭਗ 6,000 ਮੌਜੂਦਾ ਖਾਲੀ ਅਸਾਮੀਆਂ ਅਤੇ ਅਗਲੇ 10 ਸਾਲਾਂ ਵਿਚ 29,000 ਨਵੀਆਂ/ਨਵੇਂ ਨਰਸਾਂ ਦੀ ਅਨੁਮਾਨਿਤ ਲੋੜ ਦੇ ਨਾਲ, ਨਰਸ-ਤੋਂ-ਮਰੀਜ਼ ਦੇ ਘੱਟੋ-ਘੱਟ ਅਨੁਪਾਤ ਨੂੰ ਹਕੀਕਤ ਬਣਾਉਣ ਲਈ ਬਹੁਤ ਕੰਮ ਕਰਨ ਵਾਲਾ ਹੈ।

**ਪ੍ਰਾਈਵੇਟ ਏਜੰਸੀ ਨਰਸਿੰਗ ’ਤੇ ਸਰਕਾਰੀ ਖਰਚੇ ਨੂੰ ਕੰਟਰੋਲ ਕਰਨਾ** ਅਤੇ ਪਬਲਿਕ ਹੈਲਥ ਕੇਅਰ ਸਿਸਟਮ ਲਈ ਫੰਡ ਦੇਣਾ। ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਸੂਬੇ ਵਲੋਂ ਮੁਨਾਫੇ ਲਈ ਕੰਮ ਕਰਦੀਆਂ ਸਟਾਫਿੰਗ ਏਜੰਸੀਆਂ ’ਤੇ ਖਰਚਾ ਸਾਲ 2018-19 ਵਿਚ $8.7 ਮਿਲੀਅਨ ਤੋਂ ਵਧ ਕੇ ਸਾਲ 2022-23 ਵਿਚ $160 ਮਿਲੀਅਨ ਨਾਲੋਂ ਜ਼ਿਆਦਾ ਹੋ ਗਿਆ ਹੈ, ਜਿਸ ਵਿਚ ਉਨ੍ਹਾਂ ਨਰਸਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਸਿਸਟਮ ਤੋਂ ਬਾਹਰ ਸਨ। ਇਹ ਕਾਇਮ ਰਹਿਣ ਯੋਗ ਨਹੀਂ ਹੈ।

ਨਰਸਾਂ ਅਤੇ ਹੋਰ ਸਾਰੇ ਹੈਲਥ-ਕੇਅਰ ਵਰਕਰਾਂ ਲਈ **ਕੰਮ ਦੀਆਂ ਸੁਰੱਖਿਅਤ ਅਤੇ ਸਿਹਤਮੰਦ ਥਾਂਵਾਂ ਪ੍ਰਦਾਨ ਕਰਨਾ,** ਅਤੇ ਅਜਿਹਾ ਦਿਨ ਦੇ ਚੌਵੀ ਘੰਟੇ ਹਫਤੇ ਦੇ ਸੱਤੇ ਦਿਨ ਸਹੀ ਤਰ੍ਹਾਂ ਟਰੇਂਡ ਸਕਿਉਰਟੀ ਸਟਾਫ ਰੱਖ ਕੇ ਅਤੇ ਇਹ ਯਕੀਨੀ ਬਣਾ ਕੇ ਕਰਨਾ ਕਿ ਕੰਮ ਦੀਆਂ ਥਾਂਵਾਂ ਜ਼ਬਾਨੀ ਅਤੇ ਸਰੀਰਕ ਹਿੰਸਾ ਅਤੇ ਬੁਰੇ ਵਰਤਾਉ ਤੋਂ ਮੁਕਤ ਹਨ। ਸਰਕਾਰ ਲਈ ਉਨ੍ਹਾਂ ਹੈਲਥ ਇਮਪਲੌਏਅਰਜ਼ ਨੂੰ ਸਿਹਤ ਅਤੇ ਸੇਫਟੀ ਦੇ ਉਨ੍ਹਾਂ ਖ਼ਤਰਿਆਂ ਲਈ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਜਿਨ੍ਹਾਂ ਦਾ ਸਾਹਮਣਾ ਨਰਸਾਂ ਨੂੰ ਕੰਮ ’ਤੇ ਆਮ ਹੀ ਕਰਨਾ ਪੈਂਦਾ ਹੈ।

**ਲੌਂਗ-ਟਰਮ ਕੇਅਰ ਲਈ ਢੁਕਵਾਂ ਸਟਾਫ ਰੱਖਣਾ** ਅਤੇ ਅਜਿਹਾ ਸਰਕਾਰੀ ਫੰਡਾਂ ਵਾਲੇ ਸਾਰੇ ਲੌਂਗ-ਟਰਮ ਕੇਅਰ ਹੋਮਜ਼ ਵਿਚ ਨਰਸ-ਤੋਂ ਮਰੀਜ਼ ਦੇ ਘੱਟੋ ਘੱਟ ਅਨੁਪਾਤ ਲਾਗੂ ਕਰਨ ਨੂੰ ਤਰਜੀਹ ਦੇ ਕੇ ਕੀਤਾ ਜਾਣਾ ਹੈ ਤਾਂ ਜੋ ਇਹ ਯਕੀਨੀ ਹੋਵੇ ਕਿ ਬਜ਼ੁਰਗਾਂ (ਸੀਨੀਅਰਜ਼) ਦੀ ਉਹ ਸੰਭਾਲ ਹੋ ਰਹੀ ਹੈ ਜਿਸ ਦੇ ਉਹ ਹੱਕਦਾਰ ਹਨ।

ਅਕਿਊਟ ਕੇਅਰ ਸਿਸਟਮ ’ਤੇ ਦਬਾਅ ਘਟਾਉਣ ਵਿਚ ਮਦਦ ਕਰਨ ਲਈ ਬਜ਼ੁਰਗਾਂ ਦੀ ਉੱਚ ਪੱਧਰ ਦੀ ਸੰਭਾਲ ਕਰਨ ਵਿਚ ਨਿਵੇਸ਼ ਕਰਕੇ **ਕਮਿਊਨਿਟੀ ਵਿਚਲੀ ਸੰਭਾਲ ਵਿਚ ਵਾਧਾ ਕਰਨਾ**।

**ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੇ ਇਲਾਜ ਲਈ ਲੰਬੇ ਸਮੇਂ ਦੀਆਂ ਇਨਵੈਸਟਮੈਂਟਾਂ ਕਰਨਾ ਅਤੇ ਮਾਨਸਿਕ ਸਿਹਤ** ਅਤੇ ਨਸ਼ਿਆਂ ਤੋਂ ਛੁਟਕਾਰੇ ਦੇ ਇਲਾਜ ਅਤੇ ਰਾਜ਼ੀ ਹੋਣ ਦੀਆਂ ਸੇਵਾਵਾਂ ਲਈ ਸਰਕਾਰੀ ਫੰਡਾਂ ਨਾਲ ਸਿਸਟਮ ਤਿਆਰ ਕਰਨਾ ਅਤੇ ਪ੍ਰਦਾਨ ਕਰਨਾ ਜੋ ਨਿਯਮਬੱਧ, ਸਬੂਤ-ਆਧਾਰਿਤ, ਆਰਥਿਕ ਅਤੇ ਭੂਗੋਲਿਕ ਤੌਰ ’ਤੇ ਪਹੁੰਚਯੋਗ ਹੋਵੇ ਅਤੇ ਉਦੋਂ ਉਪਲਬਧ ਹੋਵੇ ਜਦੋਂ ਲੋਕ ਇਹ ਲੱਭ ਰਹੇ ਹੋਣ।

ਨੁਕਸਾਨ ਘਟਾਉਣ ਦੇ ਉਪਾਵਾਂ ਵਿਚ ਸੁਧਾਰ ਕਰਕੇ, ਮਾਨਸਿਕ ਸਿਹਤ ਦੇ ਇਲਾਜ ਅਤੇ ਰਾਜ਼ੀ ਹੋਣ ਦੀਆਂ ਸੇਵਾਵਾਂ ਵਧਾ ਕੇ ਅਤੇ ਨਸ਼ਿਆ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਅਪਰਾਧੀਕਰਨ ਨੂੰ ਖਤਮ ਕਰਕੇ, **ਜਾਨਲੇਵਾ ਜ਼ਹਿਰੀਲੇ ਨਸ਼ਿਆਂ ਦੇ ਸੰਕਟ ਦਾ ਹੱਲ ਕਰਨਾ।**

**ਸਿਹਤ ਦੇ ਸਮਾਜਿਕ ਕਾਰਨਾਂ ’ਤੇ ਤਾਲਮੇਲ ਵਾਲਾ ਐਕਸ਼ਨ ਲੈਣਾ** ਅਤੇ ਅਜਿਹਾ ਉਨ੍ਹਾਂ ਮੁੱਦਿਆਂ ’ਤੇ ਕਾਰਵਾਈ ਕਰਕੇ ਕਰਨਾ ਜਿਹੜੇ ਲੋਕਾਂ ਦੀ ਸਿਹਤ ਦੇ ਨਤੀਜਿਆਂ ’ਤੇ ਅਸਰ ਪਾਉਂਦੇ ਹਨ, ਜਿਨ੍ਹਾਂ ਵਿਚ ਸਿਹਤ ਸੇਵਾਵਾਂ ਅਤੇ ਵਾਰਾ ਖਾਣ ਯੋਗ ਰਿਹਾਇਸ਼ਾਂ ਤੱਕ ਪਹੁੰਚ ਦੀ ਘਾਟ, ਆਮਦਨ ਦੀ ਨਾਬਰਾਬਰੀ, ਅਤੇ ਨਸਲ – ਸਮੇਤ ਮੂਲਵਾਸੀਆਂ ਨਾਲ ਸੰਬੰਧਿਤ ਨਸਲਵਾਦ – ਲਿੰਗ, ਉਮਰ, ਸਮਰੱਥਾ ਅਤੇ ਹੋਰ ਸੁਰੱਖਿਅਤ ਆਧਾਰਾਂ ’ਤੇ ਆਧਾਰਿਤ ਸਿਸਟਮਬੱਧ ਵਿਤਕਰੇ ਨਾਲ ਜੁੜੇ ਨੁਕਸਾਨ ਸ਼ਾਮਲ ਹਨ।

2024
PROVINCIAL
ELECTION
BC Nurses Vote